a2zpapers.com

www.a2zpapers.com

**Exam. Code : 103201**
**Subject Code : 1013**

## B.A./B.Sc. I[st] Semester

## PUNJABI ELECTIVE

Time Allowed—3 Hours] [Maximum Marks—100

**ਨੋਟ :** (1) ਪ੍ਰਸ਼ਨ ਪੱਤਰ ਦੇ **ਚਾਰ** ਭਾਗ ਹਨ।

(2) ਵਿਦਿਆਰਥੀ ਨੇ ਕੁੱਲ **ਪੰਜ** ਪ੍ਰਸ਼ਨ ਕਰਨੇ ਹਨ। ਹਰ ਭਾਗ ਵਿੱਚੋਂ **ਇੱਕ** ਪ੍ਰਸ਼ਨ ਲਾਜ਼ਮੀ ਹੈ ਅਤੇ **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਹਰੇਕ ਪ੍ਰਸ਼ਨ ਦੇ ਅੰਕ ਬਰਾਬਰ ਹਨ।

### ਭਾਗ—ਪਹਿਲਾ

1. ਨਿਮਨ ਲਿਖਤ ਵਿੱਚੋਂ ਕਿਸੇ **ਦੋ** ਕਾਵਿ-ਟੋਟਿਆਂ ਦੀ ਪ੍ਰਸੰਗ-ਸਹਿਤ ਵਿਆਖਿਆ ਕਰੋ :

(ੳ) ਏਨੇ ਨੂੰ ਗੁੰਬਦ ਦਾ ਆਂਡਾ, ਟੋਟੇ ਟੋਟੇ ਹੋਇਆ,
ਚੀਕਾਂ, ਕੂਕਾਂ ਤੇ ਫਰਿਆਦਾਂ, ਜਾ ਅੰਬਰ ਨੂੰ ਛੋਹਿਆ।
ਹੜ੍ਹ ਮਜ਼ਦੂਰਨੀਆਂ ਦਾ ਵਗਿਆ, ਵਿਚ ਮਜ਼ਦੂਰ ਹਜ਼ਾਰਾਂ,
ਚੁੱਕੀ ਕਹੀਆਂ ਦੁਰਮਟ, ਤੇਸੇ ਬੱਝੇ ਵਿਚ ਵਗਾਰਾਂ।

(ਅ) ਪਹਿਲਾ ਡੰਗ ਮਦਾਰੀਆਂ ਮੰਤ੍ਰ ਗਏ ਗੁਆਚ,
ਦੂਜੇ ਡੰਗ ਦੀ ਲੱਗ ਗਈ ਜਣੇ ਖਣੇ ਨੂੰ ਲਾਗ।
ਨਾਗਾਂ ਕੀਲੇ ਲੋਕ ਮੂੰਹ ਬੱਸ ਫਿਰ ਡੰਗ ਹੀ ਡੰਗ,
ਪਲੋ ਪਲੀ ਪੰਜਾਬ ਦੇ ਨੀਲੇ ਪੈ ਗਏ ਅੰਗ।



www.a2zpapers.com www.a2zpapers.com
oad free old Question papers gndu, ptu hp board, punjab

a2zpapers.com

www.a2zpapers.com

(ਏ) ਜੋ ਲੱਗਿਆ ਵਿਹੜੇ 'ਚ ਆਸਾਂ ਦਾ ਰੁਖ ਸੁਕਾ ਦੇਵੇ।
ਘਰਾਂ ਨੂੰ ਖ਼ਤ ਜੇ ਲਿਖੇ ਇਸ ਤਰਾਂ ਦੀ ਗਲ ਨਾ ਲਿਖੇ।
ਜੇ ਆਪਣੇ 'ਜ਼ੁਲਮ' ਨੂੰ ਕਹਿਆ ਹੈ 'ਇੰਤਜ਼ਾਮ' ਤੁਸਾਂ
ਤਾ ਸਾਡੀ ਹੱਕ ਦੀ ਆਵਾਜ਼ ਨੂੰ ਖ਼ਲਲ ਨਾ ਲਿਖੋ।

(ਸ) ਕਵੀ ਹੋ ਕੇ ਵੀ ਕਿੱਦਾਂ ਅਣ-ਪੜ੍ਹੀ ਹੀ ਛੱਡ ਜਾਂਦਾ ਹਾਂ
ਤੇਰੇ ਨੈਣਾਂ ਦੇ ਅੰਦਰ ਲਿਖੀ ਹੋਈ ਇਕਰਾਰ ਦੀ ਕਵਿਤਾ
ਤੇਰੇ ਲਈ ਰਾਖਵੇਂ ਹੋਠਾਂ 'ਤੇ ਹੈ ਪਥਰਾ ਗਈ ਅੜੀਏ
ਬੜੀ ਕੌੜੀ, ਬੜੀ ਬੇਰਸ, ਮੇਰੇ ਰੁਜ਼ਗਾਰ ਦੀ ਕਵਿਤਾ।

2. ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ ਵਰਣਨ ਕਰੋ :

(ੳ) ਪਰਿੰਦਿਆਂ ਦਾ ਮਰਸੀਆ

(ਅ) ਦੁਨੀਆਂ।

## ਭਾਗ—ਦੂਜਾ

3. 'ਸਿਮਟਦਾ ਆਕਾਸ਼' ਨਾਵਲ ਪੰਜਾਬ ਵਿੱਚ ਪੈਦਾ ਹੋਈ ਨਕਸਲੀ ਲਹਿਰ ਦੇ ਉਤਪੰਨ ਤੇ ਪਤਨ ਦੀ ਕਹਾਣੀ ਹੈ। ਇਸ ਸਬੰਧੀ ਵਿਸਥਾਰ ਵਿੱਚ ਆਪਣੇ ਵਿਚਾਰ ਪ੍ਰਗਟ ਕਰੋ।

4. 'ਸਿਮਟਦਾ ਆਕਾਸ਼' ਨਾਵਲ ਦੇ ਕਿਸੇ **ਦੋ** ਪਾਤਰਾਂ ਦਾ ਪਾਤਰ ਚਿਤਰਨ ਕਰੋ :

(1) ਮਨਜੀਤ

(2) ਕਾਮਰੇਡ ਸਰਦਾਰਾ ਸਿੰਘ

(3) ਬਚਨ ਸਿੰਘ।



www.a2zpapers.com www.a2zpapers.com
ad free old Question papers gndu, ptu hp board, punjab

a2zpapers.com

## ਭਾਗ—ਤੀਜਾ

5. ਅਲੰਕਾਰ ਸੰਪਰਦਾਇ ਬਾਰੇ ਵਿਸਥਾਰ ਵਿੱਚ ਜਾਣਕਾਰੀ ਪ੍ਰਦਾਨ ਕਰੋ।

6. ਰਸ ਸੰਪਰਦਾਇ ਬਾਰੇ ਕੀ ਜਾਣਦੇ ਹੋ ? ਇਸ ਸੰਬੰਧੀ ਚਰਚਾ ਕਰੋ।

## ਭਾਗ—ਚੌਥਾ

7. ਸ਼ਬਦ ਦੇ ਅਰਥ ਸੰਬੰਧੀ ਸਫੋਟ ਸਿਧਾਂਤ ਬਾਰੇ ਜਾਣਕਾਰੀ ਪ੍ਰਦਾਨ ਕਰੋ।

8. ਵਿਪਰੀਤਾਰਥਕ (ਵਿਰੋਧੀ) ਅਰਥਾਂ ਵਾਲੇ ਸ਼ਬਦ ਕੀ ਹੁੰਦੇ ਹਨ ? ਪੰਜਾਬੀ ਵਿੱਚ ਵਿਰੋਧੀ ਸ਼ਬਦਾਂ ਦੇ ਵਰਤਾਰੇ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰੋ।

www.a2zpapers.com



www.a2zpapers.com www.a2zpapers.com
oad free old Question papers gndu, ptu hp board, punjab